# Medi-Cal ਕੋਲ ਡੈਂਟਲ ਕਵਰੇਜ ਹੁੰਦੀ ਹੈ

**Medi-Cal ਦਾ ਮੈਂਬਰ ਹੋਣ ਦੇ ਨਾਤੇ, ਤੁਹਾਡੇ ਅਤੇ ਤੁਹਾਡੇ ਬੱਚਿਆਂ ਦੇ ਫਾਇਦਿਆਂ ਵਿੱਚ ਦੰਦਾਂ ਦੀ ਕਵਰੇਜ ਸ਼ਾਮਲ ਹੈ। Medi-Cal ਦੁਆਰਾ ਕਵਰ ਕੀਤੀ ਦੰਦਾਂ ਦੀ ਦੇਖਭਾਲ ਸਬੰਧੀ ਸੰਖੇਪ ਜਾਣਕਾਰੀ ਲਈ ਹੇਠਾਂ ਦਿੱਤੇ ਚਾਰਟ ਨੂੰ ਦੇਖੋ।**



| ਸੇਵਾਵਾਂ | ਛੋਟੇ ਬੱਚੇ | ਬੱਚੇ | ਕਿਸ਼ੋਰ | ਗਰਭ ਅਵਸਥਾ | ਬਾਲਗ਼ | ਸੀਨੀਅਰ |
|---|---|---|---|---|---|---|
| ਮੁਆਇਨਾ* | ☀ | ☀ | ☀ | ☀ | ☀ | ☀ |
| ਐਕਸ-ਰੇ | ☀ | ☀ | ☀ | ☀ | ☀ | ☀ |
| ਦੰਦਾਂ ਦੀ ਸਫ਼ਾਈ | ☀ | ☀ | ☀ | ☀ | ☀ | ☀ |
| ਫ਼ਲੋਰਾਈਡ ਵਾਰਨਿਸ਼ | ☀ | ☀ | ☀ | ☀ | ☀ | ☀ |
| ਫਿਲਿੰਗ ਕਰਾਉਣਾ | ☀ | ☀ | ☀ | ☀ | ☀ | ☀ |
| ਦੰਦ ਕਢਵਾਉਣਾ | ☀ | ☀ | ☀ | ☀ | ☀ | ☀ |
| ਐਮਰਜੈਂਸੀ ਸੇਵਾਵਾਂ | ☀ | ☀ | ☀ | ☀ | ☀ | ☀ |
| ਸੀਡੇਸ਼ਨ | ☀ | ☀ | ☀ | | ☀ | ☀ |
| ਦਾੜ੍ਹ ਸੀਲ ਕਰਾਉਣੀ** | | ☀ | ☀ | | | |
| ਰੂਟ ਕੈਨਾਲ (ਦੰਦ ਦੀ ਜੜ੍ਹ ਵਿਚਲਾ ਖੋਲ) | | ☀ | ☀ | ☀ | ☀ | ☀ |
| ਦੰਦਾਂ ਨੂੰ ਸੋਧਣ ਵਾਲੇ ਸੰਦ (ਖਿੱਚਾਂ)*** | | | ☀ | | | |
| ਦੰਦ ਮੜ੍ਹਾਉਣਾ | | | ☀ | ☀ | ☀ | ☀ |
| ਨਕਲੀ ਦੰਦਾਂ ਦੇ ਅੰਸ਼ਕ ਅਤੇ ਪੂਰੇ ਸੈੱਟ | | | ☀ | ☀ | ☀ | ☀ |
| ਨਕਲੀ ਦੰਦਾਂ ਦੇ ਸੈੱਟ ਮੁੜ ਲਗਵਾਉਣਾ | | | ☀ | ☀ | ☀ | ☀ |
| ਸਕੇਲਿੰਗ ਅਤੇ ਰੂਟ ਪਲਾਨਿੰਗ | | | ☀ | ☀ | ☀ | ☀ |

**21 ਸਾਲ ਤੋਂ ਘੱਟ ਉਮਰ ਦੇ ਮੈਂਬਰਾਂ ਲਈ ਹਰੇਕ ਛੇ ਮਹੀਨਿਆਂ ਬਾਅਦ ਅਤੇ 21 ਸਾਲ ਤੋਂ ਵੱਧ ਉਮਰ ਦੇ ਮੈਂਬਰਾਂ ਲਈ ਹਰੇਕ 12 ਮਹੀਨਿਆਂ ਬਾਅਦ ਮੁਫ਼ਤ ਜਾਂ ਘੱਟ ਲਾਗਤ ਵਾਲੇ ਚੈੱਕ-ਅੱਪ।*
***ਦਾੜ੍ਹ ਸੀਲ ਕਰਾਉਣ ਲਈ ਕਿਸ਼ੋਰ 21 ਸਾਲ ਦੀ ਉਮਰ ਤੱਕ ਕਵਰ ਕੀਤੇ ਜਾਂਦੇ ਹਨ।*
****ਜਿਹੜੇ ਯੋਗ ਹਨ ਉਹਨਾਂ ਲਈ।*

## ਛੋਟੇ ਬੱਚੇ

ਦੰਦਾਂ ਵਾਲੇ ਡਾਕਟਰ ਕੋਲ ਤੁਹਾਡੇ ਬੱਚੇ ਦੀ ਪਹਿਲੀ ਮੁਲਾਕਾਤ ਉਨ੍ਹਾਂ ਦੇ ਪਹਿਲੇ ਦੰਦ ਦਿਖਾਈ ਦੇਣ ਤੋਂ ਬਾਅਦ ਹੋਣੀ ਚਾਹੀਦੀ ਹੈ, ਪਰ ਉਨ੍ਹਾਂ ਦੇ ਪਹਿਲੇ ਜਨਮਦਿਨ ਤੋਂ ਬਾਅਦ ਨਹੀਂ। ਛੋਟੇ ਬੱਚੇ ਦੇ ਦੰਦ ਤੁਹਾਡੇ ਬੱਚੇ ਦੀ ਸਿਹਤ ਅਤੇ ਵਿਕਾਸ ਲਈ ਮਹੱਤਵਪੂਰਨ ਹੁੰਦੇ ਹਨ। ਉਹ ਬੱਚੇ ਦੀ ਚਬਾਉਣ, ਬੋਲਣ ਅਤੇ ਮੁਸਕਰਾਉਣ ਵਿੱਚ ਮਦਦ ਕਰਦੇ ਹਨ।

## ਬੱਚੇ

ਬੱਚੇ ਪੰਜ ਸਾਲ ਦੀ ਛੋਟੀ ਉਮਰ ਤੱਕ ਆਪਣੇ ਪਹਿਲੇ ਦੰਦਾਂ ਨੂੰ ਗੁਆਉਣਾ ਸ਼ੁਰੂ ਕਰਦੇ ਹਨ। ਇਹ ਉਦੋਂ ਹੁੰਦਾ ਹੈ ਜਦੋਂ ਉਨ੍ਹਾਂ ਦੇ ਸਥਾਈ ਦੰਦਾਂ ਵਿੱਚ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ। ਆਪਣੇ ਬੱਚੇ ਦੀਆਂ ਦਾੜ੍ਹਾਂ ਨੂੰ ਕੈਵੀਟੀਜ਼ ਤੋਂ ਬਚਾਉਣ ਲਈ ਦੰਦਾਂ ਦੇ ਡਾਕਟਰ ਤੋਂ ਸੀਲੈਂਟ ਦਾੜ੍ਹਾਂ ਬਾਰੇ ਪੁੱਛੋ।

## ਕਿਸ਼ੋਰ

ਆਮ ਤੌਰ 'ਤੇ ਕਿਸ਼ੋਰ ਸ਼ੱਕਰ ਵਾਲੇ ਭੋਜਨ ਅਤੇ ਪੀਣ ਵਾਲੇ ਪਦਾਰਥ ਜ਼ਿਆਦਾ ਲੈਂਦੇ ਹਨ ਜਿਸ ਕਰਕੇ ਅਕਸਰ ਉਨ੍ਹਾਂ ਨੂੰ ਮਸੂੜਿਆਂ ਦੀ ਬਿਮਾਰੀ ਅਤੇ ਦੰਦ ਖ਼ਰਾਬ ਹੋਣ ਦੇ ਜ਼ਿਆਦਾ ਖ਼ਤਰਾ ਹੁੰਦਾ ਹੈ। ਨਿਯਮਿਤ ਤੌਰ 'ਤੇ ਜਾਂਚ ਕਰਵਾਉਂਦੇ ਰਹਿਣ ਵਾਲੇ ਕਿਸ਼ੋਰ ਵੱਡੀ ਉਮਰ ਵਿੱਚ ਮੂੰਹ ਦੀ ਚੰਗੀ ਸਿਹਤ ਨੂੰ ਯਕੀਨੀ ਬਣਾਉਂਦੇ ਹਨ।

## ਗਰਭ ਅਵਸਥਾ

ਮੂੰਹ ਦੀ ਚੰਗੀ ਸਿਹਤ ਸੰਭਾਲ ਗਰਭ ਅਵਸਥਾ ਦੌਰਾਨ ਸਮੱਸਿਆਵਾਂ ਨੂੰ ਰੋਕਣ ਵਿੱਚ ਮਦਦ ਕਰਦੀ ਹੈ। Medi-Cal ਮੈਂਬਰ ਦੇ ਵਜੋਂ, ਤੁਹਾਨੂੰ ਗਰਭ ਅਵਸਥਾ ਦੌਰਾਨ ਅਤੇ ਆਪਣੇ ਬੱਚੇ ਨੂੰ ਜਨਮ ਦੇਣ ਤੋਂ ਬਾਅਦ 60 ਦਿਨ ਲਈ ਕਵਰ ਕੀਤਾ ਜਾਂਦਾ ਹੈ। ਦੰਦਾਂ ਦੇ ਡਾਕਟਰ ਨੂੰ ਮਿਲਣ ਦਾ ਸਭ ਤੋਂ ਵਧੀਆ ਸਮਾਂ ਤੁਹਾਡੇ ਦੂਜੇ ਤਿਮਾਹੀ ਵਿੱਚ ਹੁੰਦਾ ਹੈ (ਗਰਭ ਅਵਸਥਾ ਦੇ 13ਵੇਂ ਤੋਂ 27ਵੇਂ ਹਫ਼ਤੇ ਤੱਕ)।

## ਬਾਲਗ਼

1 ਜਨਵਰੀ 2018 ਤੱਕ, ਡਿਪਾਰਟਮੈਂਟ ਆਫ ਹੈਲਥ ਕੇਅਰ ਸਰਵਿਸਜ਼ (DHCS) ਨੇ ਦੰਦਾਂ ਸੰਬੰਧੀ ਪੂਰੀ ਗੁੰਜਾਇਸ਼ ਦੀ ਕਵਰੇਜ ਦੇ ਨਾਲ 21 ਸਾਲ ਦੀ ਉਮਰ ਜਾਂ ਵੱਡੀ ਉਮਰ ਦੇ ਮੈਂਬਰਾਂ ਲਈ ਬਾਲਗ਼ ਡੈਂਟਲ ਫਾਇਦੇ ਵਾਪਿਸ ਮੋੜ ਦਿੱਤੇ। ਕਵਰ ਕੀਤੀਆਂ ਗਈਆਂ ਸੇਵਾਵਾਂ ਦੀ ਪੂਰੀ ਸੂਚੀ ਲਈ, **SmileCalifornia.org** ਨੂੰ ਵੇਖੋ।

## ਸੀਨੀਅਰ

ਵੱਡੀ ਉਮਰ ਦੇ ਇੱਕ ਬਾਲਗ਼ ਵਜੋਂ, ਤੁਸੀਂ ਮਸੂੜਿਆਂ ਦੀ ਬਿਮਾਰੀ ਅਤੇ ਮੂੰਹ ਦੀਆਂ ਹੋਰ ਸਮੱਸਿਆਵਾਂ ਤੋਂ ਪੀੜਤ ਹੁੰਦੇ ਹੋ, ਪਰ ਦਿਨ ਵਿੱਚ ਦੋ ਵਾਰ ਬੁਰਸ਼ ਕਰਕੇ, ਫਲੌਸਿੰਗ ਕਰਕੇ ਅਤੇ ਸਭ ਤੋਂ ਮਹੱਤਵਪੂਰਨ ਤਰੀਕੇ ਨਾਲ ਰੋਜ਼ਾਨਾ ਆਪਣੇ ਦੰਦਾਂ ਦੇ ਡਾਕਟਰ ਨੂੰ ਨਿਯਮਿਤ ਤੌਰ 'ਤੇ ਮਿਲਕੇ, ਤੁਸੀਂ ਆਪਣਾ ਖ਼ਤਰਾ ਘਟਾ ਸਕਦੇ ਹੋ

**SmileCalifornia.org** 'ਤੇ ਆਪਣੇ ਦੰਦਾਂ ਸਬੰਧੀ ਫਾਇਦਿਆਂ ਬਾਰੇ ਜਾਣੋ ਅਤੇ ਜ **1-800-322-6384** 'ਤੇ ਕਾਲ ਕਰਕੇ ਆਪਣੇ ਨੇੜੇ ਦੇ ਕਿਸੇ Medi-Cal ਦੰਦਾਂ ਦੇ ਡਾਕਟਰ ਨੂੰ ਲੱਭੋ। Medi-Cal ਡੈਂਟਲ ਦੇ ਨਾਲ, ਤੁਹਾਡੀ ਮੁਲਾਕਾਤ ਮੁਫ਼ਤ ਜਾਂ ਘੱਟ ਲਾਗਤ ਵਾਲੀ ਹੁੰਦੀ ਹੈ। ਅੱਜ ਹੀ ਆਪਣੀ ਮੁਲਾਕਾਤ ਨੂੰ ਨਿਰਧਾਰਤ ਕਰੋ!

**SmileCalifornia.org | 1-800-322-6384**

smile, CALIFORNIA™
MEDI-CAL HAS DENTAL COVERED

ver 05-2018